**Signature and Name of Invigilator**

1. (Signature) ____________________

(Name) ____________________

2. (Signature) ____________________

(Name) ____________________

**OMR Sheet No. :** ..............................................
(To be filled by the Candidate)

**Roll No.** | | | | | | | | |
(In figures as per admission card)

**Roll No.** ____________________
(In words)

**N 0 2 4 1 7**

# PAPER - III
# PUNJABI

**Time : 2½ hours]** **[Maximum Marks : 150**

Number of Pages in this Booklet : **24** Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.

   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचहत्तर बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।

   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही प्रयोग करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

## PUNJABI
## ਪੰਜਾਬੀ
## PAPER – III
## ਪ੍ਰਸ਼ਨ ਪੱਤਰ – III

**Note :** This Paper contains **seventy five (75)** objective type questions of **two (2)** marks each. Attempt **all** questions.

ਨੋਟ : ਇਸ ਪ੍ਰਸ਼ਨ-ਪੱਤਰ ਵਿਚ **ਪੰਝੱਤਰ** (75) ਬਹੁ-ਵਿਕਲਪੀ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਦੋ (2) ਅੰਕ ਹਨ। **ਸੱਭ** ਪ੍ਰਸ਼ਨਾਂ ਦੇ ਉੱਤਰ ਲਿਖੋ।

**1.** ਕਿਹੜਾ ਕਥਨ ਵਧੇਰੇ ਸਹੀ ਹੈ :

(1) ਕਿਰਿਆ ਵਾਕੰਸ਼ ਵਿੱਚ ਕਿਰਿਆ ਤੇ ਕਿਰਿਆ ਵਿਸ਼ੇਸ਼ਣ ਸ਼ਬਦ ਵਿਚਰਦੇ ਹਨ।

(2) ਕਿਰਿਆ ਵਾਕੰਸ਼ ਵਿੱਚ ਕਿਰਿਆ ਤੇ ਨਿਪਾਤ ਸ਼ਬਦ ਵਿਚਰਦੇ ਹਨ।

(3) ਨਾਂਵ ਵਾਕੰਸ਼ ਵਿੱਚ ਕੇਵਲ ਨਾਂਵ ਤੇ ਵਿਸ਼ੇਸ਼ਣ ਸ਼ਬਦ ਵਿਚਰਦੇ ਹਨ।

(4) ਕਿਰਿਆ ਵਿਸ਼ੇਸ਼ਣ ਵਾਕੰਸ਼ ਵਿੱਚ ਸਾਰੇ ਸ਼ਬਦ ਵਿਚਰਦੇ ਹਨ।

**2.** ਪੰਜਾਬੀ ਨਾਂਵ ਸ਼੍ਰੇਣੀ ਦੇ ਸ਼ਬਦ ਰੂਪਾਂਤਰਤ ਹੁੰਦੇ ਹਨ :

(1) ਕਾਰਕ ਤੇ ਪੁਰਖ ਨਾਲ  (2) ਵਚਨ ਤੇ ਕਾਰਕ ਨਾਲ

(3) ਲਿੰਗ ਤੇ ਆਸਪੈਕਟ ਨਾਲ  (4) ਕਾਲ ਤੇ ਪੁਰਖ ਨਾਲ

**3.** ਪੰਜਾਬੀ ਧੁਨੀ ਗ੍ਰਾਮਾਂ ਦੇ ਆਧਾਰ ਤੇ ਪੰਜਾਬੀ ਵਿੱਚ ਨਾਸਕੀ ਸਵਰਾਂ ਦੀ ਗਿਣਤੀ ਹੈ :

(1) ਪੰਜ  (2) ਸੱਤ  (3) ਦਸ  (4) ਬਾਰਾਂ

**4.** ‘ਨੇ’ਸ਼ਬਦ ਕਿਸ ਭਾਸ਼ਾ ਵੰਨਗੀ ਵਿੱਚ ਸਹਾਇਕ ਕਿਰਿਆ ਤੇ ਸੰਬੰਧਕ ਵਜੋਂ ਵਰਤਿਆ ਜਾਂਦਾ ਹੈ :

(1) ਦੁਆਬੀ  (2) ਪੁਆਧੀ  (3) ਮਾਝੀ  (4) ਮਲਵਈ

**5.** ‘ਮੁੰਡੇ ਦਾ ਮਾਮਾ’ ਵਾਕੰਸ਼ ਵਿੱਚ ਕਿਸ ਪੱਧਰ ਦਾ ਵਿਆਕਰਨਕ ਸੰਬੰਧ ਹੈ :

(1) ਕਰਨ ਕਾਰਕ ਦਾ  (2) ਸੰਬੰਧਵਾਚੀ ਕਾਰਕ ਦਾ

(3) ਕਰਤਾਵਾਦੀ ਕਾਰਕ ਦਾ  (4) ਅਪਾਦਾਨ ਕਾਰਕ ਦਾ

6. 'ਉਸ ਨੇ ਮੁੰਡੇ ਨੂੰ ਮਾਰਿਆ' ਵਿੱਚ ਕਿਸ ਪੱਧਰ ਦਾ ਵਿਆਕਰਨਕ ਮੇਲ ਹੈ :

(1) ਕਰਤਾ ਤੇ ਕਿਰਿਆ
(2) ਵਚਨ ਤੇ ਕਾਰਕ ਦਾ
(3) ਕਰਮ ਤੇ ਕਿਰਿਆ ਦਾ
(4) ਕਿਸੇ ਪੱਧਰ ਦਾ ਨਹੀ

7. ਕਥਨ **(A) :** ਪੰਜਾਬੀ ਦੇ ਵਾਕੰਸ਼ ਵਿੱਚ ਵਿਸ਼ੇਸ਼ਣ, ਕਿਰਿਆ, ਸੰਬੰਧਕ ਤੇ ਯੋਜਕ ਆਦਿ ਸ਼ਬਦ ਸ਼੍ਰੇਣੀਆਂ ਦੇ ਸ਼ਬਦ ਵਿਚਰਦੇ ਹਨ।

ਕਾਰਨ **(R) :** ਕਿਉਕਿ ਪੰਜਾਬੀ ਦੇ ਨਾਂਵ ਵਾਕੰਸ਼ ਤਿੰਨ ਤਰ੍ਹਾਂ ਦੇ ਵਰਤਾਰੇ ਹੁੰਦੇ ਹਨ। ਸ਼ਬਦਾਂ ਦੇ ਅਰਥਾਂ ਦਾ ਨਿਰਧਾਰਣ ਕਰਨਾ, ਵਾਕੰਸ਼ ਦੀ ਸਥਾਪਤੀ ਕਰਨਾ ਤੇ ਵਾਕੰਸ਼ ਵਿਚਲੇ ਸ਼ਬਦਾਂ ਦਾ ਯੋਜਕ ਕਰਨਾ।

(1) **(A)** ਸਹੀ ਹੈ **(R)** ਗ਼ਲਤ ਹੈ
(2) **(A)** ਗ਼ਲਤ ਹੈ **(R)** ਸਹੀ ਹੈ
(3) **(A)** ਅਤੇ **(R)** ਦੋਵੇਂ ਸਹੀ ਹਨ
(4) **(A)** ਅਤੇ **(R)** ਆਂਸ਼ਿਕ ਸਹੀ ਹਨ

8. ਪੰਜਾਬੀ ਦੀਆਂ ਧੁਨੀਆਂ ਦਾ ਸਹੀ ਵੇਰਵਾ ਹੈ :

| **ਸੂਚੀ-I** | | **ਸੂਚੀ-II** | |
|---|---|---|---|
| (a) | ਕੰਠੀ | (i) | 5 |
| (b) | ਅਘੋਸ਼ ਅਲਪ ਪ੍ਰਾਣ | (ii) | 4 |
| (c) | ਸੰਘਰਸ਼ੀ | (iii) | 2 |
| (d) | ਪਾਰਸ਼ਵਿਕ | (iv) | 3 |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (iv) | (iii) | (i) |
| (2) | (i) | (iii) | (ii) | (iv) |
| (3) | (ii) | (i) | (iv) | (iii) |
| (4) | (ii) | (iii) | (iv) | (i) |

9. ਇੱਕ ਵਿਸ਼ੇਸ਼ ਕਾਲ ਦੀ ਰਾਜਸੀ ਨਾਬਰੀ ਅਤੇ ਵਿਦਰੋਹ ਨੂੰ ਰੂਪਮਾਨ ਕਰਨ ਵਾਲੇ ਲੋਕ ਨਾਇਕ ਹਨ :

(a) ਦੁੱਲਾ ਭੱਟੀ

(b) ਜਿਊਣਾ ਮੌੜ

(c) ਜੈਮਲ ਫੱਤਾ

(d) ਮਲਕ ਮੁਰੀਦ

ਉਪਰੋਕਤ ਵਿੱਚੋਂ ਕਿਹੜੇ ਸਹੀ ਹਨ :

(1) (a) ਅਤੇ (c)
(2) (b) ਅਤੇ (d)
(3) (b) ਅਤੇ (c)
(4) (a) ਅਤੇ (d)

10.

| | ਸੂਚੀ-I | | ਸੂਚੀ-II |
|---|---|---|---|
| (a) | ਪਰੀਬੰਦ | (i) | ਸਿਰ ਦਾ ਗਹਿਣਾ |
| (b) | ਦਾਉਣੀ | (ii) | ਗਲ ਦਾ ਗਹਿਣਾ |
| (c) | ਸਗਲੇ | (iii) | ਬਾਂਹ ਦਾ ਗਹਿਣਾ |
| (d) | ਹੰਸਲੀ | (iv) | ਪੈਰਾਂ ਦਾ ਗਹਿਣਾ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (i) | (iv) |
| (2) | (iii) | (i) | (iv) | (ii) |
| (3) | (i) | (iii) | (ii) | (iv) |
| (4) | (iv) | (ii) | (iii) | (i) |

11. ਕਥਨ **(A)** : ਪ੍ਰਣਾਲੀ ਲਈ ਬਹੁ-ਸਭਿਆਚਾਰਕ ਪ੍ਰਸੰਗ ਅਤੇ ਬਹੁ ਪਰਤੀ ਹੋਂਦ ਦੇ ਸ਼ਨਾਖਤ ਦੇ ਪਰਿਪੇਖਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਕਾਰਨ **(R)** : ਇਸ ਨਾਲ ਉਸਦੇ ਮੇਜ਼ਬਾਨ ਸਭਿਆਚਾਰ ਵਿੱਚ ਵਿਲੀਨ ਹੋਣ ਦਾ ਖਤਰਾ ਟਲ ਜਾਂਦਾ ਹੈ।

ਉਪਰੋਕਤ ਵਿੱਚੋਂ ਸਹੀ ਹੈ :

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ

(2) **(A)** ਆਂਸ਼ਿਕ ਸਹੀ ਹੈ **(R)** ਸਹੀ ਹੈ

(3) **(A)** ਸਹੀ ਹੈ **(R)** ਗ਼ਲਤ ਹੈ

(4) **(A)** ਅਤੇ **(R)** ਦੋਵੇਂ ਸਹੀ ਹਨ

12. 'ਸੰਸਕ੍ਰਿਤੀ ਮਾਨਵ ਵਿਗਿਆਨ ਦੀ ਮੁੱਢਲੀ ਕੜੀ ਹੈ।' ਇਹ ਕਿਸਦਾ ਕਥਨ ਹੈ :

(1) A.H. Krappe (2) Ernest Jones

(3) William R. Boscom (4) A.B. Keith

13. 'ਲੋਕ ਕਹਾਣੀਆਂ ਸਾਡੇ ਸਾਂਝੇ ਪ੍ਰਾਚੀਨ ਵਿਰਸੇ ਦੀਆਂ ਪਵਿੱਤਰ ਯਾਦਗਾਰਾਂ ਹਨ' ਕਿਸਦਾ ਕਥਨ ਹੈ :

(1) Claude Levi-Strauss (2) Alan Dundes

(3) Archer Taylor (4) David Bidney

14. ਪੰਜਾਬੀ ਲੋਕ-ਬਿਰਤਾਂਤਾਂ ਵਿਚ ਪਰਾਭੌਤਿਕੀ ਆਫਤਾਂ ਅਤੇ ਸਮਾਜ-ਸੱਭਿਆਚਾਰਕ ਔਕੜਾਂ ਨੂੰ ਸਰ ਕਰਨ ਲਈ ਸਹਿਯੋਗੀ ਕਾਰਕ ਹਨ :

(1) ਪੰਛੀ (2) ਰੁੱਖ (3) ਜੰਗਲ-ਬੇਲਾ (4) ਭੂਤ-ਪ੍ਰੇਤ

15. ਲੋਕ-ਧਰਮ ਦੇ ਅਨੁਸ਼ਠਾਨ-ਪ੍ਰਬੰਧ ਵਿੱਚ ਰੁੱਖ ਅਤੇ ਦੇਵਤਿਆਂ ਦੇ ਸਹਿਧਰਮ ਦਾ ਸਹੀ ਸੰਯੋਗ ਹੈ :

(1) ਅੰਬ-ਬ੍ਰਹਮਾ (2) ਬੋਹੜ-ਸ਼ਿਵਜੀ

(3) ਨਿੰਮ-ਵਿਸ਼ਨੂੰ (4) ਪਿੱਪਲ-ਸੀਤਲਾ ਮਾਤਾ

16. ਕਿਸ ਵਿਦਵਾਨ ਨੇ ਬਾਬਾ ਫ਼ਰੀਦ ਨੂੰ ਪੰਜਾਬੀ ਕਵਿਤਾ ਦਾ ਚਾਸਰ (Chaucer) ਕਿਹਾ ਹੈ :

(1) ਮੋਹਨ ਸਿੰਘ ਦੀਵਾਨਾ (2) ਦੇਵਿੰਦਰ ਸਿੰਘ (3) ਦੀਵਾਨ ਸਿੰਘ (4) ਸਾਧੂ ਰਾਮ ਸ਼ਾਰਦਾ

17. ਬਕਾ ਸਿਧਾਂਤ ਦੇ ਨਿਰਮਾਤਾ ਹਨ :

(1) ਹਜ਼ਰਤ ਜੁਨੈਦ ਬਗ਼ਦਾਦੀ (2) ਹਜ਼ਰਤ ਬਦੀਉੱਦੀਨ ਸ਼ਾਹ ਮਦਾਰ

(3) ਅਬੂ ਇਸਹਾਕ ਸਾਮੀ (4) ਅਬਦੁੱਲਾ-ਅਲ ਅਨਸਾਰੀ

**18.** ਕਥਨ **(A) :** ਸੂਫ਼ੀ ਕਾਵਿ ਵਿੱਚ ਪ੍ਰੇਮ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ। ਸੂਫ਼ੀ ਕਾਵਿ ਵਿੱਚ ਆਤਮਾ ਪਰਮਾਤਮਾ, ਮੁਰੀਦ ਮੁਰਸ਼ਿਦ ਆਦਿ ਦੇ ਸੰਬੰਧਾਂ ਨੂੰ ਡਾਢੇ ਵੇਗ ਨਾਲ ਗਾਇਆ ਗਿਆ ਹੈ।

ਕਾਰਨ **(R) :** ਸੂਫ਼ੀਮਤ ਪ੍ਰੇਮ ਆਤਮਾ ਪਰਮਾਤਮਾ ਦੇ ਸੰਕਲਪਾਂ ਵਿਚਲੇ ਅੰਤਰ-ਵਿਰੋਧਾਂ ਨੂੰ ਸਿਰਫ਼ ਉਜਾਗਰ ਕਰਨ ਤਕ ਸੀਮਤ ਮਤ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) **(A)** ਅਤੇ **(R)** ਦੋਵੇਂ ਸਹੀ ਹਨ

(2) **(A)** ਠੀਕ ਹੈ ਅਤੇ **(R)** ਗ਼ਲਤ ਹੈ

(3) **(A)** ਗ਼ਲਤ ਅਤੇ **(R)** ਠੀਕ ਹੈ

(4) **(A)** ਗ਼ਲਤ ਅਤੇ **(R)** ਆਂਸ਼ਿਕ ਠੀਕ ਹੈ

**19.** ਬੁੱਲ੍ਹੇ ਸ਼ਾਹ ਦੇ ਕਲਾਮ ਦੇ ਮੁੱਖ ਲੱਛਣ ਹਨ :

(a) ਸ਼ਰੀਅਤਵਾਦੀ

(b) ਰੋਹ-ਵਿਦਰੋਹ

(c) ਸਮਾਜਕ ਤੇ ਰਾਜਸੀ ਚੇਤਨਾ

(d) ਤੌਹੀਦ

ਉਪਰੋਕਤ ਦਾ ਸਹੀ ਜੁੱਟ ਹੈ :

(1) (a), (b), (c) (2) (b), (c), (d)

(3) (a), (c), (d) (4) (a), (b), (d)

**20.** ਪੰਜਾਬੀ ਸੂਫ਼ੀ ਕਾਵਿ ਦੇ ਪ੍ਰਗਟਾਅ ਬਿੰਦੂ ਹਨ :

(a) ਸ਼ਰੀਅਤ ਤੇ ਹੱਕ ਵਿੱਚ ਦਵੰਦ

(b) ਵਿਦਰੋਹੀ ਸੁਰ ਤੇ ਪ੍ਰਗੀਤਕਤਾ

(c) ਸਵੈ-ਭੁਲੇਖਾ ਤੇ ਸਵੈ-ਪਛਾਣ

(d) ਅਮੈਂ ਅਤੇ ਨਿੱਜਵਾਦ

ਉਪਰੋਕਤ ਵਿੱਚੋਂ ਸਹੀ ਹੈ :

(1) (a) ਅਤੇ (b) (2) (a) ਅਤੇ (c)

(3) (b) ਅਤੇ (c) (4) (b) ਅਤੇ (d)

21. ਬਾਬਾ ਫ਼ਰੀਦ ਜੀ ਦੇ ਸ਼ਲੋਕਾਂ ਦੇ ਨਾਲ ਨਾਲ ਕਿਹੜੇ ਕਿਹੜੇ ਗੁਰੂ ਸਾਹਿਬਾਨ ਦੇ ਸ਼ਲੋਕ ਦਰਜ ਹਨ :

(1) ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਤੇਗ ਬਹਾਦਰ

(2) ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ

(3) ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ

(4) ਗੁਰੂ ਨਾਨਕ ਦੇਵ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ,

22. ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਿਹੜੀ ਬਾਣੀ ਰਾਗ ਵਿੱਚ ਹੈ :

(1) ਸਲੋਕ ਵਾਰਾਂ ਤੇ ਵਧੀਕ

(2) ਸੱਦ

(3) ਸਲੋਕ ਸਹਸਕ੍ਰਿਤੀ

(4) ਸਵੱਈਏ

23. (a) ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।
ਕੋਈ ਸੇਵੈ ਗੁਸਾਈਆਂ ਕੋਈ ਅਲਾਹਿ।
(ਗੁਰੂ ਅਰਜਨ ਦੇਵ)

(b) ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ।
(ਭਗਤ ਕਬੀਰ)

(c) ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤੁ।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤੁ।
(ਗੁਰੂ ਤੇਗ ਬਹਾਦਰ)

(d) ਗਰਭ ਵਾਸ ਮਹਿ ਕੁਲੁ ਨਹੀ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ।
(ਭਗਤ ਨਾਮਦੇਵ)

ਉਪਰੋਕਤ ਵਿਚੋਂ ਬਾਣੀ ਰਚਨਾ ਤੇ ਬਾਣੀਕਾਰਾਂ ਦਾ ਕਿਹੜਾ ਸਹੀ ਸੁਮੇਲ ਹੈ :

(1) (a) ਅਤੇ (c)

(2) (a) ਅਤੇ (b)

(3) (b) ਅਤੇ (d)

(4) (c) ਅਤੇ (d)

24. ਗੁਰਬਾਣੀ ਦੇ ਕਾਵਿ-ਸ਼ਾਸ਼ਤਰਾਂ ਦੇ ਆਧਾਰ ਮੂਲਕ ਤੱਤ ਹਨ :

(1) ਛੰਦ ਬੱਧਤਾ, ਰੂਪ ਚੇਤਨਾ, ਰਾਗ ਪ੍ਰਬੰਧ, ਸ਼ਾਸ਼ਤਰੀਅਤਾ

(2) ਪੌਰਾਣਿਕ ਆਧਾਰ, ਅਵਤਾਰਵਾਦ, ਸੰਗੀਤਾਤਮਕ, ਰਸ-ਪਰੰਪਰਾ

(3) ਗਿਆਨ-ਸ਼ਾਸ਼ਤਰ, ਪਰਮਾਰਥ, ਸਿਮਰਨ, ਸੰਵਾਦਕਤਾ

(4) ਜੀਵ, ਸਰਗੁਣਤਾ, ਪ੍ਰਗੀਤਾਤਮਕਤਾ, ਮਿਥਿਹਾਸਕਤਾ

25. ਕਿਸ ਬਾਣੀਕਾਰ ਨੇ ਵਾਰ ਦੇ ਕਾਵਿ-ਰੂਪ ਵਿੱਚ ਰਚਨਾ ਨਹੀ ਕੀਤੀ :

(1) ਗੁਰੂ ਅਮਰਦਾਸ (2) ਗੁਰੂ ਰਾਮਦਾਸ

(3) ਗੁਰੂ ਤੇਗ ਬਹਾਦਰ (4) ਗੁਰੂ ਅਰਜਨ ਦੇਵ

26. ਅੰਤਰ-ਮਤ ਸੰਵਾਦ ਨਾਲ ਸੰਬੰਧਿਤ ਮੁੱਖ ਬਾਣੀ ਹੈ :

(1) ਜਪੁਜੀ ਸਾਹਿਬ (2) ਸਿਧ ਗੋਸ਼ਟਿ

(3) ਆਸਾ ਦੀ ਵਾਰ (4) ਬਾਵਨ ਅੱਖਰੀ

27. ਕਥਨ **(A)** : ਗੁਰਬਾਣੀ ਦੀ ਸੰਰਚਨਾ ਹੀ ਕੁਝ ਇਸ ਪ੍ਰਕਾਰ ਦੀ ਹੈ ਕਿ ਉਸਦੇ ਇਕੋ ਸ਼ਬਦ ਵਿੱਚ ਇਹ ਲੋਕ ਤੇ ਪਰਲੋਕ ਦਾ ਸੰਜੁਗਤ ਵਰਣਨ ਹੁੰਦਾ ਹੈ। ਖੰਡ ਅਧਿਐਨ ਵੇਲੇ ਦੋਹਾਂ ਵਿਚੋਂ ਇਕ ਪਰੋਖੇ ਹੋ ਜਾਵੇਗਾ।

ਕਾਰਨ **(R)** : ਗੁਰਬਾਣੀ ਨੂੰ ਦੁਜੈਲੇ ਸਰੋਤਾਂ ਤੋਂ ਕਦੇ ਪ੍ਰਾਪਤ ਨਹੀਂ ਕਰਨਾ ਚਾਹੀਦਾ। ਹੋ ਸਕਦਾ ਹੈ ਦੁਜੈਲੇ ਸਰੋਤਾਂ ਵਿੱਚ ਰਚਨਾ ਦਾ ਖੰਡ ਮਾਤਰ ਹੀ ਪੇਸ਼ ਹੋਵੇ।

ਉਪਰੋਕਤ ਵਿਚੋਂ ਕਿਹੜਾ ਸਹੀ ਹੈਂ :

(1) **(A)** ਅਤੇ **(R)** ਦੋਵੇਂ ਸਹੀ ਹਨ

(2) **(A)** ਸਹੀ ਹੈ **(R)** ਗ਼ਲਤ ਹੈ

(3) **(A)** ਗ਼ਲਤ ਹੈ **(R)** ਸਹੀ ਹੈ

(4) **(A)** ਆਂਸ਼ਿਕ ਸਹੀ ਹੈ **(R)** ਸਹੀ ਹੈ

28. ਗੁਰਬਾਣੀ ਦੀਆਂ ਵਿਆਕਰਨਾਂ ਤੇ ਵਿਆਕਰਨਕਾਰਾਂ ਦਾ ਸਹੀ ਮੇਲਾਨ ਹੈ :

| ਸੂਚੀ-I | | ਸੂਚੀ-II | |
|---|---|---|---|
| (a) | ਗੁਰਬਾਣੀ ਵਿਆਕਰਣ | (i) | ਡਾ. ਹਰਕੀਰਤਕ ਸਿੰਘ |
| (b) | ਗੁਰਬਾਣੀ ਦਾ ਸਰਲ ਵਿਆਕਰਨ ਬੋਧ | (ii) | ਪ੍ਰੋ. ਸਾਹਿਬ ਸਿੰਘ |
| (c) | ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ | (iii) | ਜੋਗਿੰਦਰ ਸਿੰਘ ਤਲਵਾੜਾ |
| (d) | ਨਵੀਨ ਗੁਰਬਾਣੀ ਵਿਆਕਰਨ | (iv) | ਪ੍ਰਿ. ਹਰਬੰਸ ਸਿੰਘ |

| | (a) | (b) | (c) | (d) |
|---|---|---|---|---|
| (1) | (ii) | (iii) | (i) | (iv) |
| (2) | (i) | (iii) | (iv) | (ii) |
| (3) | (ii) | (iii) | (iv) | (i) |
| (4) | (i) | (ii) | (iii) | (iv) |

29. ਕਥਨ **(A)** : ਵਿਅਕਤੀ ਅਤੇ ਪਰਿਵਾਰ ਦੀ ਟੱਕਰ ਪੰਜਾਬੀ ਕਿੱਸਿਆਂ ਦਾ ਅਜਿਹਾ ਲੱਛਣ ਹੈ, ਜਿਸ ਦੇ ਬਿਨਾਂ ਇਹਨਾਂ ਦੀ ਕਲਪਨਾ ਹੀ ਸੰਭਵ ਨਹੀਂ।

ਕਾਰਨ **(R)** : ਕਿਉਂਕਿ ਪੰਜਾਬੀ ਪਿਆਰੇ ਸਭਿਆਚਾਰਕ ਸੰਜਮ ਅਤੇ ਪਰਿਵਾਰਕ ਬੰਧਨ ਵਿੱਚ ਰਹਿਣਾ ਚਾਹੁੰਦੇ ਹਨ।

(1) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ

(2) **(A)** ਗ਼ਲਤ ਹੈ **(R)** ਸਹੀ ਹੈ

(3) **(A)** ਅਤੇ **(R)** ਦੋਵੇਂ ਸਹੀ ਹਨ

(4) **(A)** ਆਂਸ਼ਿਕ ਸਹੀ ਅਤੇ **(R)** ਸਹੀ ਹੈ

30. 19 ਵੀਂ ਸਦੀ ਵਿੱਚ ਸੱਸੀ ਪੁੰਨੂ ਦਾ ਕਿੱਸਾ ਲਿਖਣ ਵਾਲੇ ਕਿੱਸਾਕਾਰਾਂ ਦਾ ਸਹੀ ਜੁੱਟ ਹੈ :

(1) ਹਾਫ਼ਿਜ਼ ਬਰਖੁਰਦਾਰ-ਬਿਹਬਲ

(2) ਆਡਤ-ਸਾਧੂ ਸਦਾ ਰਾਮ

(3) ਸੁੰਦਰ ਦਾਸ ਆਰਾਮ-ਮੁਹੰਮਦ ਬੂਟਾ ਗੁਜਰਾਤੀ

(4) ਹਾਸ਼ਮ ਸ਼ਾਹ- ਅਹਿਮਦਯਾਰ

31. ਸੂਚੀ-I ਸੂਚੀ-II

| | | | |
|---|---|---|---|
| (a) | ਮਾਲਵੇ ਦਾ ਕਿੱਸਾ ਸਾਹਿਤ | (i) | ਡਾ. ਹਰਿਭਜਨ ਸਿੰਘ |
| (b) | ਕਿੱਸਾ ਪੰਜਾਬ | (ii) | ਦੀਵਾਨ ਸਿੰਘ |
| (c) | ਪੰਜਾਬੀ ਕਿੱਸਾ ਕਾਵਿ ਦਾ ਥੀਮ ਵਿਗਿਆਨਕ ਅਧਿਐਨ | (iii) | ਗੁਰਦੇਵ ਸਿੰਘ ਸਿੱਧੂ |
| (d) | ਕਿੱਸਾ ਅਤੇ ਪੰਜਾਬੀ ਕਿੱਸਾ | (iv) | ਹਰਜੀਤ ਸਿੰਘ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (i) | (iv) |
| (2) | (iii) | (i) | (iv) | (ii) |
| (3) | (i) | (iv) | (iii) | (ii) |
| (4) | (iv) | (i) | (iii) | (ii) |

32. ਪੰਜਾਬੀ ਕਿੱਸਾ ਕਵੀਆਂ ਦਾ ਸਹੀ ਇਤਿਹਾਸਕ ਕਾਲ ਕ੍ਰਮ ਹੈ :

(1) ਵਾਰਿਸ਼ ਸ਼ਾਹ, ਹਾਫ਼ਿਜ਼ ਬਰਖੁਰਦਾਰ, ਦਮੋਦਰ

(2) ਫਜ਼ਲ ਸ਼ਾਹ, ਇਮਾਮ ਬਖ਼ਸ਼, ਹਾਸ਼ਮ

(3) ਦਮੋਦਰ, ਵਾਰਿਸ਼ ਸ਼ਾਹ, ਫ਼ਜ਼ਲ ਸ਼ਾਹ

(4) ਮੀਆਂ ਮੁਹੰਮਦ ਬਖ਼ਸ਼, ਅਹਿਮਦਯਾਰ, ਦਮੋਦਰ

33. ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਕਿਹੜੇ ਸਥਾਨਾਂ ਉੱਤੇ ਹੋਈਆਂ ਲੜਾਈਆਂ ਦਾ ਵਰਨਣ ਹੈ :

(1) ਮੁਦਕੀ, ਫੇਰੂ ਸ਼ਹਿਰ, ਬਦੋਵਾਲ, ਸਭਰਾਉਂ

(2) ਰਾਮ ਨਗਰ, ਮੁਦਕੀ, ਸਭਰਾਉਂ-ਚਿਲਿਆਂ ਵਾਲਾ

(3) ਫੇਰੂ ਸ਼ਹਿਰ, ਬਦੋਵਾਲ, ਚਿਲਿਆਂ ਵਾਲਾ, ਮੁਦਕੀ

(4) ਸਭਰਾਉਂ, ਬਦੋਵਾਲ, ਰਾਮ ਨਗਰ, ਮੁਦਕੀ

34. ਸਿੰਘਾਂ ਅਤੇ ਫਿਰੰਗੀਆਂ ਵਿਚਕਾਰ ਹੋਈਆਂ ਲੜਾਈਆਂ ਬਾਰੇ ਬਿਰਤਾਂਤ ਲੇਖਕਾਂ ਦਾ ਵਰਗ ਹੈ :

(1) ਮੁਹੰਮਦ ਬੂਟਾ ਗੁਜਰਾਤੀ, ਸ਼ਾਹ ਮੁਹੰਮਦ, ਕਾਦਰਯਾਰ

(2) ਕਰਮ ਸਿੰਘ, ਕਾਨ੍ਹ ਸਿੰਘ ਬੰਗਾ, ਮਟਕ

(3) ਸ਼ਾਹ ਮੁਹੰਮਦ, ਮਟਕ, ਕਾਨ੍ਹ ਸਿੰਘ ਬੰਗਾ

(4) ਅਣੀ ਰਾਏ, ਸ਼ਾਹ ਮੁਹੰਮਦ, ਬਰਕਤ ਸਿੰਘ ਆਨੰਦ

35. ਪੰਜਾਬੀ ਵੀਰ ਕਾਵਿਧਾਰਾ ਵਿੱਚ 'ਚੰਡੀ ਦੀ ਵਾਰ' ਦੀ ਉਭਰਦੀ ਵਿਲੱਖਣਤਾ ਹੈ :

(1) ਇਸਤਰੀ ਨਾਇਕਾ ਅਤੇ ਯੁੱਧ ਦਾ ਚਿਤਰਨ

(2) ਇਤਿਹਾਸਕਤਾ ਅਤੇ ਪੌਰਾਣਿਕਤਾ ਦਾ ਸੰਜਮ

(3) ਯੁੱਧ ਚਿਤਰਨ ਵਿੱਚ ਵੀਰ ਤੇ ਸ਼ਿੰਗਾਰ ਰਸ ਦਾ ਸੁਮੇਲ

(4) ਪਾਉੜੀ ਤੇ ਨਿਸ਼ਾਨੀ ਛੰਦ ਦੀ ਵਰਤੋਂ

36. ਕਿਸ ਵਾਰਤਕ ਰੂਪ ਨੂੰ ਸਾਖੀ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਰਿਹਾ ਹੈ :

(1) ਬਚਨ (2) ਗੋਸ਼ਟਿ (3) ਸੁਖਨ (4) ਗੁਰਬਿਲਾਸ

37. ਪੁਰਾਤਨ ਜਨਮ ਸਾਖੀ ਦੇ ਹੋਰ ਕਿਹੜੇ ਨਾਂ ਹਨ :

(1) ਕੋਲਬਰੁਕ ਵਾਲੀ ਤੇ ਆਦਿ ਸਾਖੀ

(2) ਵਿਲਾਇਤ ਵਾਲੀ ਤੇ ਹਾਫਿਜ਼ਬਾਦ ਵਾਲੀ ਜਨਮਸਾਖੀ

(3) ਭਾਈ ਪੈੜੇ ਮੋਖੇ ਵਾਲੀ ਤੇ ਗੁਰੂ ਜੀ ਦੀਆਂ ਗੋਸ਼ਟਾਂ

(4) ਪ੍ਰਾਣ ਸੰਗਲੀ ਤੇ ਸਿੰਘ ਸਭਾ ਦੀ ਜਨਮਸਾਖੀ

38. 'ਪਰਚੀਆਂ ਸੇਵਾ ਦਾਸ' ਦਾ ਵਿਸ਼ਾ-ਖੇਤਰ ਹੈ :

(1) ਜੀਵਨ ਬਿਰਤਾਂਤ ਭਾਈ ਸੇਵਾ ਦਾਸ (2) ਸਾਖੀਆਂ ਅੱਠ ਸਿਖ ਗੁਰੂ ਸਾਹਿਬਾਨ

(3) ਜਨਮ ਬਿਰਤਾਂਤ ਗੁਰੂ ਗੋਬਿੰਦ ਸਿੰਘ (4) ਜੀਵਨ ਸਾਖੀਆਂ ਦਸ ਗੁਰੂ ਸਾਹਿਬਾਨ

39. ਪੰਜਾਬੀ ਵਾਰਤਕ ਵਿੱਚ ਪ੍ਰਕਿਰਤਕ ਤੇ ਭੂਗੋਲਿਕ ਵਿਸ਼ਿਆਂ ਨੂੰ ਪੇਸ਼ ਕਰਨ ਵਾਲੇ ਲੇਖਕਾਂ ਦਾ ਸਹੀ ਵਰਗ ਹੈ :

(1) ਮਹਿੰਦਰ ਸਿੰਘ ਰੰਧਾਵਾ, ਪ੍ਰਿ. ਤੇਜਾ ਸਿੰਘ, ਦੀਵਾਨ ਸਿੰਘ ਕਾਲੇ ਪਾਣੀ

(2) ਤਰਲੋਚਨ ਸਿੰਘ ਭਾਟੀਆ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋ. ਸਾਹਿਬ ਸਿੰਘ

(3) ਪ੍ਰੋ. ਪੂਰਨ ਸਿੰਘ, ਦੇਵਿੰਦਰ ਸਤਿਆਰਥੀ, ਗੁਰਨਾਮ ਸਿੰਘ ਤੀਰ

(4) ਲਾਲ ਸਿੰਘ ਕਮਲਾ ਅਕਾਲੀ, ਹਰਿੰਦਰ ਸਿੰਘ ਰੂਪ, ਸੁਰਜੀਤ ਸਿੰਘ ਭਾਟੀਆ

40. ਕਥਨ **(A)** : ਅਧਿਆਤਮਕ ਦਾਰਸ਼ਨਿਕ ਤੇ ਮਨੋਵਿਗਿਆਨਕ ਆਦਿ ਵਿਸ਼ਿਆਂ ਬਾਰੇ ਲਿਖੇ ਨਿਬੰਧਾਂ ਨੂੰ ਵਿਚਾਰਾਤਮਕ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਬੁਧੀ ਤੱਤ ਮੁੱਖ ਹੁੰਦਾ ਹੈ।

ਕਾਰਨ **(R)** : ਪਰ ਦੂਜੇ ਪਾਸੇ ਭਾਵਾਤਮਕ ਜਾਂ ਵਿਅਕਤੀਗਤ ਨਿਬੰਧ ਵੀ ਵਿਚਾਰ-ਪ੍ਰਧਾਨ ਹੁੰਦੇ ਹਨ ਕਿਉਂਕਿ ਨਿਬੰਧ ਹੁੰਦਾ ਹੀ ਵਿਚਾਰ-ਪ੍ਰਧਾਨ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) **(A)** ਆਂਸ਼ਿਕ ਸਹੀ ਹੈ **(R)** ਗ਼ਲਤ ਹੈ

(2) **(A)** ਅਤੇ **(R)** ਦੋਵੇਂ ਸਹੀ ਹਨ

(3) **(A)** ਸਹੀ ਹੈ **(R)** ਗ਼ਲਤ ਹੈ

(4) **(A)** ਅਤੇ **(R)** ਦੋਵੇਂ ਆਂਸ਼ਿਕ ਸਹੀ ਹਨ

41.

| | ਸੂਚੀ-I | | ਸੂਚੀ-II |
|---|---|---|---|
| (a) | ਇਕ ਗੈਰ ਹਾਜ਼ਿਰ ਆਦਮੀ | (i) | ਬਲਵੰਤ ਗਾਰਗੀ |
| (b) | ਮੇਰੀ ਆਪ ਬੀਤੀ | (ii) | ਪ੍ਰੇਮ ਗੋਰਖੀ |
| (c) | ਪਾਤਾਲ ਦੀ ਧਰਤੀ | (iii) | ਅਮਰਜੀਤ ਚੰਦਨ |
| (d) | ਫੈਲਸੂਫੀਆਂ | (iv) | ਮਹਿੰਦਰ ਸਿੰਘ ਰੰਧਾਵਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | (a) | (b) | (c) | (d) |
|---|---|---|---|---|
| (1) | (iv) | (i) | (iii) | (ii) |
| (2) | (ii) | (iv) | (i) | (iii) |
| (3) | (iii) | (i) | (ii) | (iv) |
| (4) | (i) | (ii) | (iv) | (iii) |

**42.** ਪੰਜਾਬੀ ਦੇ ਸਾਹਿਤਕ ਪੱਤਰਾਂ ਦਾ ਸਹੀ ਵਰਗ ਹੈ :

(1) ਪ੍ਰੀਤਲੜੀ, ਨਾਗਮਣੀ, ਖੋਜ ਦਰਪਣ

(2) ਆਰਸੀ, ਅਕਸ, ਪਰਖ

(3) ਲ਼ੋਕ ਸਾਹਿਤ, ਫੁਲਵਾੜੀ, ਪੰਜਾਬੀ ਦੁਨੀਆਂ

(4) ਸਿਰਜਨਾ, ਸ਼ਬਦ, ਤ੍ਰਿਸ਼ੰਕੂ

**43.** ਸੁਰਜੀਤ ਪਾਤਰ ਦੀ ਕਵਿਤਾ ਦੇ ਕਾਵਿ ਸ਼ਾਸ਼ਤਰੀ ਆਧਾਰ ਹਨ :

(1) ਆਧੁਨਿਕ ਬੋਧ, ਆਧੁਨਿਕ ਸੰਵੇਦਨ, ਭਵਿੱਖਮੁਕਤਾ, ਸ਼੍ਰੇਣੀ ਮੁੱਖਤਾ

(2) ਸਵੈ-ਸੰਵਾਦ, ਸਵੈ-ਸੰਬੋਧਨ, ਸਵੈ-ਮੁੱਖਤਾ, ਨਾਰੀ-ਮੁੱਖਤਾ

(3) ਮਨੁੱਖੀ-ਸੰਵੇਦਨਾ, ਆਧੁਨਿਕ ਬੋਧ, ਮਾਨਵਤਾ ਦਾ ਸਿਰਜਨ ਪ੍ਰਗੀਤਕ ਸੁਰ

(4) ਅਤੀਤਮੁਖੀ, ਅਸਤਿੱਤਵਮੁਖੀ, ਧਰਮ-ਕੇਂਦ੍ਰਿਤ, ਜਮਾਤੀ ਸੰਘਰਸ਼

**44.** ਪ੍ਰੋ. ਮੋਹਨ ਸਿੰਘ ਕਾਵਿ ਦੇ ਮੁੱਖ ਆਧਾਰ ਹਨ :

(a) ਸੰਸਕਾਰਾਂ ਨੂੰ ਪਰਪੱਕ ਕਰਨ ਦੀ ਰੁਚੀ

(b) ਸੁਚੱਜੀ ਘਾੜਤ ਅਤੇ ਸ਼ਿਲਪ-ਯੋਗਤਾ

(c) ਰੁਮਾਨੀ ਆਪਾ ਅਤੇ ਖੁਲ੍ਹ ਦੀ ਤਾਂਘ

(d) ਤੀਖਣ ਰੋਹ ਅਤੇ ਵਿਦਰੋਹ

ਉਪਰੋਕਤ ਚੋਂ ਸਹੀ ਜੁੱਟ ਹੈ :

(1) (b) ਅਤੇ (c) (2) (a) ਅਤੇ (c)

(3) (a) ਅਤੇ (d) (4) (a) ਅਤੇ (b)

45. ਰੁਬਾਈ ਲਿਖਣ ਵਾਲੇ ਕਵੀਆਂ ਦਾ ਸਹੀ ਜੁੱਟ ਨਹੀਂ ਹੈ :

(1) ਪ੍ਰੋ. ਪੂਰਨ ਸਿੰਘ-ਹਰਨਾਮ

(2) ਭਾਰੀ ਵੀਰ ਸਿੰਘ-ਧਨੀਰਾਮ ਚਾਤ੍ਰਿਕ

(3) ਮੋਹਨ ਸਿੰਘ ਦੀਵਾਨਾ-ਗੁਰਮੁਖ ਸਿੰਘ ਮੁਸਾਫ਼ਰ

(4) ਧਨੀਰਾਮ ਚਾਤ੍ਰਿਕ-ਮੋਹਨ ਸਿੰਘ

46. ਡਾ. ਹਰਿਭਜਨ ਸਿੰਘ ਦੀ ਪੰਜਾਬ ਸੰਕਟ ਨਾਲ ਸੰਬੰਧਿਤ ਮੁਕੰਮਲ ਰਚਨਾ ਦਾ ਨਾਂ ਹੈ :

(1) ਟੁੱਕੀਆਂ ਜੀਭਾਂ ਵਾਲੇ (2) ਉੱਨੀ ਸੌ ਚੁਰਾਸੀ

(3) ਅਲਫ ਦੁਪਹਿਰ (4) ਅਲਵਿਦਾ ਤੋਂ ਪਹਿਲਾਂ

47.

| | ਸੂਚੀ-I | | ਸੂਚੀ-II |
|---|---|---|---|
| (a) | ਪੰਜਾਬ ਮੁੱਖਤਾ | (i) | ਭਾਈ ਵੀਰ ਸਿੰਘ |
| (b) | ਪ੍ਰਕਿਰਤੀਮੁੱਖਤਾ | (ii) | ਧਨੀਰਾਮ ਚਾਤ੍ਰਿਕ |
| (c) | ਪ੍ਰਗੀਤਮੁੱਖਤਾ | (iii) | ਪੂਰਨ ਸਿੰਘ |
| (d) | ਸਭਿਆਚਾਰ ਮੁੱਖਤਾ | (iv) | ਪ੍ਰੋ. ਮੋਹਨ ਸਿੰਘ |

ਉਪਰੋਕਤ ਦਾ ਸਹੀ ਜੁੱਟ ਹੈ :

| | (a) | (b) | (c) | (d) |
|---|---|---|---|---|
| (1) | (iii) | (i) | (iv) | (ii) |
| (2) | (i) | (ii) | (iii) | (iv) |
| (3) | (ii) | (iv) | (i) | (iii) |
| (4) | (iv) | (iii) | (ii) | (i) |

48. ਕਥਨ (A) : ਮੋਹਨ ਸਿੰਘ ਯੁੱਗ ਤੋਂ ਹੀ ਸਾਡੀ ਕਵਿਤਾ ਪੈਰੋ ਪੈਰ ਬੌਧਿਕਤਾ ਵਲ ਰੁਚਿਤ ਹੋਈ ਹੈ, ਮੂਲ ਮਾਨਵਤਾ ਨੂੰ ਜ਼ੁਬਾਨ ਦੇਣ ਦੀ ਥਾਂ ਉਹ ਵਰਗ ਮਾਨਵਤਾ ਦੀ ਪ੍ਰਤਿਨਿਧ ਬਣ ਗਈ ਹੈ, ਮਨੁੱਖ ਦੇ ਸਰਬਾਰਥ ਨੂੰ ਪੇਸ਼ ਕਰਨ ਦੀ ਥਾਂ ਉਹ ਖੰਡਾਰਥ ਦੇ ਸੀਮਿਤ ਦਾਇਰੇ ਵਿੱਚ ਸੁੰਗੜਦੀ ਗਈ ਹੈ।

ਕਾਰਨ (R) : ਸਿਰਜਨਾ ਵਿੱਚ ਬੁਧੀ ਦਾ ਦਖ਼ਲ ਵਧਦਾ ਚਲਾ ਗਿਆ ਹੈ। ਇਸੇ ਕਾਰਨ ਉਸਦੇ ਬੁਨਿਆਦੀ ਸਿਰਜਨ ਸੁਭਾਉ ਬਾਰੇ ਸੰਦੇਹ ਹੋਣ ਲਗ ਪਿਆ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) **(A)** ਅਤੇ **(R)** ਦੋਵੇਂ ਸਹੀ ਹਨ

(2) **(A)** ਸਹੀ ਅਤੇ **(R)** ਗਲਤ ਹੈ

(3) **(A)** ਗਲਤ ਅਤੇ **(R)** ਅਾਂਸ਼ਿਕ ਸਹੀ ਹੈ

(4) **(A)** ਅਤੇ **(R)** ਦੋਵੇਂ ਗਲਤ ਹਨ

49. ਆਧੁਨਿਕਤਾਵਾਧੀ ਧਾਰਾ ਦੇ ਕਾਵਿ ਸੰਗ੍ਰਹਾਂ ਦਾ ਸਹੀ ਵਰਗ ਹੈ :

(1) ਸੁਰਤੀ, ਆਰੰਭਕਾ, ਜੰਦਰੇ

(2) ਦਸਤਕ, ਛਾਂਗਿਆ ਰੁਖ, ਮੌਨ ਹਾਦਸੇ

(3) ਇਲਜ਼ਾਮ, ਕਹਿਕਸ਼ਾਂ, ਪੱਥਰ ਗੀਟੇ

(4) ਬਿਰਹੜੇ, ਨਾਗਲੋਕ, ਹਵਾ ਵਿੱਚ ਲਿਖੇ ਹਰਫ

50. ਪੰਜਾਬੀ ਕਹਾਣੀ ਦੇ ਆਰੰਭ ਅਤੇ ਰੂਪਾਕਾਰਕ ਵਿਕਾਸ ਦੀ ਨਿਸ਼ਾਨਦੇਹੀ ਕਰਨ ਸਮੇਂ ਕਿਹੜੇ ਤੱਥਾਂ ਬਾਰੇ ਚੇਤਨ ਰਹਿਣ ਦੀ ਲੋੜ ਹੈ :

(1) ਪੰਜਾਬੀ ਕਹਾਣੀ ਦਾ ਆਰੰਭ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਹੋਇਆ ਹੈ ਅਤੇ ਇਹ ਵਿਸ਼ਵ ਕਹਾਣੀ ਦੇ ਸਮਾਨੰਤਰ ਚਲਦੀ ਰਹੀ ਹੈ।

(2) ਪੰਜਾਬੀ ਕਹਾਣੀ ਪੱਛਮੀ ਕਥਾ-ਵਿਉਂਤ ਦੀ ਪ੍ਰੇਰਣਾ ਨਾਲ ਆਰੰਭ ਹੋਕੇ ਉਸ ਨਾਲ ਸੰਵਾਦ ਸਿਰਜਦੀ ਹੈ।

(3) ਪੰਜਾਬੀ ਕਹਾਣੀ ਆਧੁਨਿਕ ਮਨੁੱਖ ਦੀ ਹੋਂਦ ਦਾ ਬਿਰਤਾਂਤ ਹੋਣ ਕਰਕੇ ਪੰਜਾਬੀ ਬੰਦੇ ਦੇ ਆਧੁਨਿਕਤਾਵਾਦੀ ਸਰੋਕਾਰਾਂ ਤੇ ਸੰਤਾਪਾਂ ਨੂੰ ਬਿਆਨ ਕਰਦੀ ਹੈ।

(4) ਪੰਜਾਬੀ ਕਹਾਣੀ ਦਾ ਆਰੰਭ ਤੇ ਵਿਕਾਸ ਪਰੰਪਰਾ ਦਾ ਪੂਰਨ ਤਿਆਗ ਅਤੇ ਆਧੁਨਿਕ ਸੰਵੇਦਨਾ ਦੀ ਪੁਨਰ-ਰਚਨਾ ਦੀ ਵਿਕਾਸ ਰੇਖਾ ਹੈ।

51. ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਦਾ ਸਹੀ ਜੁੱਟ ਹੈ :

(a) ਰੰਨ ਤਲਵਾਰ ਤੇ ਘੋੜਾ

(b) ਸ਼ਹੀਦ

(c) ਕਤਲ

(d) ਸੁੱਚਾ ਤਿੱਲ

(1) (a) ਅਤੇ (c) (2) (b) ਅਤੇ (d)

(3) (c) ਅਤੇ (d) (4) (b) ਅਤੇ (c)

52. ਉੱਤਰ ਯਥਾਰਥਵਾਦੀ ਧਾਰਾ ਦੇ ਨਾਵਲਕਾਰਾਂ ਦਾ ਸਹੀ ਵਰਗ :

(1) ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਅਜੀਤ ਕੌਰ

(2) ਕੇਸਰ ਸਿੰਘ, ਬਲਦੇਵ ਸਿੰਘ, ਦਲੀਪ ਕੌਰ ਟਿਵਾਣਾ

(3) ਮਿੱਤਰਸੈਨ ਮੀਤ, ਹਰਜੀਤ ਅਟਵਾਲ, ਬਲਵੀਰ ਪਰਵਾਨਾ

(4) ਬਲਜੀਤ ਕੌਰ ਬਲੀ, ਅਵਤਾਰ ਸਿੰਘ ਬਿਲਿੰਗ, ਨਛੱਤਰ

53. ਪੰਜਾਬੀ ਕਹਾਣੀ ਦੇ ਸਮਕਾਲੀ ਦ੍ਰਿਸ਼ ਵਿਚੋਂ ਕਿਹੜੀ ਰੁਚੀ ਨਹੀ ਮਿਲ ਰਹੀ :

(1) ਪੇਂਡੂ ਜੀਵਨ ਦੇ ਯਥਾਰਥ ਦਾ ਚਿਤਰਣ

(2) ਮੱਧ ਸ਼੍ਰੇਣੀ ਦੇ ਸੁਪਨਿਆਂ ਤੇ ਸੱਚਾਂ ਦਾ ਚਿਤਰਣ

(3) ਮਹਾਂ ਨਗਰੀ ਜੀਵਨ ਯਥਾਰਥ ਦੇ ਰੂਪਾਂ ਦਾ ਚਿਤਰਣ

(4) ਨੌਜਵਾਨ ਪੀੜ੍ਹੀ ਦੀਆਂ ਅਕਾਂਖਿਆਵਾਂ ਤੇ ਮਾਨਸਿਕ ਵਿਖੰਡਤਾਵਾਂ ਦਾ ਚਿਤਰਣ

54. ਗੁਰਦਿਆਲ ਸਿੰਘ ਦੇ ਨਾਵਲੀ ਬਿਰਤਾਂਤ ਦੇ ਮੁੱਖ ਗੁਣ ਹਨ :

(1) ਆਂਚਲਿਕਤਾ, ਵਿਦਰੋਹੀ ਨਾਇਕ, ਰੋਮਾਂਟਿਕ ਦ੍ਰਿਸ਼ਟੀ

(2) ਅਣਹੋਏ ਨਾਇਕ, ਸਮਾਜਿਕ ਯਥਾਰਥ, ਆਦਰਸ਼ਵਾਦੀ ਦ੍ਰਿਸ਼ਟੀ

(3) ਵਿਖੰਡਿਤ ਨਾਇਕ, ਸਮਾਜਿਕ ਕਰੂਰਤਾ, ਉਤਰ-ਯਥਾਰਥਵਾਦੀ ਦ੍ਰਿਸ਼ਟੀ

(4) ਖੰਡਿਤ ਨਾਇਕ, ਸਮਾਜਿਕ ਗੁੰਝਲਾਂ, ਯਥਾਰਥਵਾਦੀ ਦ੍ਰਿਸ਼ਟੀ

55. ਸੂਚੀ-I | ਸੂਚੀ-II

| | ਸੂਚੀ-I | | ਸੂਚੀ-II |
|---|---|---|---|
| (a) | ਕਰਨਲ ਨਰਿੰਦਰਪਾਲ ਸਿੰਘ | (i) | ਵਿਅਕਤੀਵਾਦੀ ਆਦਰਸ਼ਵਾਦੀ |
| (b) | ਬੂਟਾ ਸਿੰਘ | (ii) | ਪ੍ਰਗਤੀਵਾਦ |
| (c) | ਜਸਬੀਰ ਮੰਡ | (iii) | ਮਹਾਂਨਗਰੀ ਚੇਤਨਾ |
| (d) | ਸੁਰਿੰਦਰ ਸਿੰਘ ਨਰੂਲਾ | (iv) | ਉੱਤਰ-ਯਥਾਰਥਵਾਦੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | **(a)** | **(b)** | **(c)** | **(d)** |
|---|---|---|---|---|
| (1) | (iv) | (ii) | (i) | (iii) |
| (2) | (ii) | (i) | (iii) | (iv) |
| (3) | (iii) | (iv) | (ii) | (i) |
| (4) | (i) | (iii) | (iv) | (ii) |

56. ਕਥਨ **(A)** : ਪ੍ਰਗਤੀਵਾਦੀ ਧਾਰਾ ਦੇ ਪੰਜਾਬੀ ਕਹਾਣੀ ਆਲੋਚਕਾਂ ਨੇ ਯਥਾਰਥਵਾਦੀ ਕਹਾਣੀ ਦਾ ਤਾਂ ਨਿਆਂਸ਼ੀਲ ਮੁਲਾਂਕਣ ਕੀਤਾ ਹੈ ਪਰ ਦੂਸਰੀਆਂ ਪ੍ਰਵਿਰਤੀਆਂ ਨਾਲ ਸੰਬੰਧਤ ਕਹਾਣੀ ਦਾ ਪੇਤਲਾ ਵਿਸਲੇਸ਼ਣ ਕੀਤਾ ਹੈ।

ਕਾਰਨ **(R)** : ਕਿਉਂਕਿ ਪੰਜਾਬੀ ਕਹਾਣੀ ਦੇ ਵਧੇਰੇ ਕਰਕੇ ਸਮੀਖਿਅਕ ਮਾਰਕਸਵਾਦੀ ਮੁਲਾਂਕਣ ਵਿਧੀ ਅਤੇ ਅਧਿਐਨ-ਦ੍ਰਿਸ਼ਟੀ ਨਾਲ ਜੁੜੇ ਹੋਏ ਹਨ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) **(A)** ਅਤੇ **(R)** ਦੋਵੇਂ ਆਂਸ਼ਿਕ ਸਹੀ ਹੈ

(2) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

(3) **(A)** ਅਤੇ **(R)** ਦੋਵੇਂ ਸਹੀ ਹਨ

(4) **(A)** ਗ਼ਲਤ ਹੈ **(R)** ਸਹੀ ਹੈ

57. ਜਸਵੰਤ ਸਿੰਘ ਕੰਵਲ ਦੀ ਨਾਵਲਕਾਰੀ ਦਾ ਮੂਲਭੂਤ ਲੱਛਣ ਹੈ :

(1) ਪ੍ਰਗਤੀਵਾਦੀ ਵਿਚਾਰਾਂ ਦਾ ਰੋਮਾਂਟਿਕ ਪ੍ਰਗਟਾਵਾ

(2) ਮਾਲਵੇ ਦੇ ਪੇਂਡੂ ਯਥਾਰਥ ਦੀ ਵਾਸਤਵਿਕ ਪੇਸ਼ਕਾਰੀ

(3) ਤਤਕਾਲੀਨ ਸਮਾਜਿਕ ਮਸਲਿਆਂ ਦਾ ਭਾਵੁਕ ਬਿਰਤਾਂਤ

(4) ਸਮਾਜਿਕ ਸਮੱਸਿਆਵਾਂ ਦੇ ਰੁਮਾਟਿਕ ਗਲਪ-ਬਿੰਬ ਦੀ ਸਿਰਜਨਾ

58. ਸੂਚੀ-I ਸੂਚੀ-II

| | | | |
|---|---|---|---|
| (a) | ਬੈਣੋ | (i) | ਧੂਣੀ ਦੀ ਅੱਗ |
| (b) | ਦੀਪੋ | (ii) | ਅਭਿਸਾਰਕਾ |
| (c) | ਰੀਟਾ | (iii) | ਲੋਹਾ ਕੁੱਟ |
| (d) | ਰੰਜਨਾ | (iv) | ਪੱਤਣ ਦੀ ਬੇੜੀ |

ਉਪਰੋਕਤ ਦਾ ਸਹੀ ਮੇਲਾਨ ਕਰੋ :

| | (a) | (b) | (c) | (d) |
|---|---|---|---|---|
| (1) | (iii) | (iv) | (i) | (ii) |
| (2) | (ii) | (iii) | (iv) | (i) |
| (3) | (ii) | (iv) | (iii) | (i) |
| (4) | (i) | (iii) | (ii) | (iv) |

59. ਕਾਵਿ ਨਾਟਕਾਂ ਦਾ ਸਹੀ ਪ੍ਰਵਰਗ ਹੈ :

(1) ਸਾਹਿਬਾਂ, ਸੁਮੇਲ, ਲੱਜਿਆ

(2) ਬੀਮਾਰ ਸਦੀ, ਫਰਹਾਦ, ਵਣਜਾਰਾ

(3) ਮਹਾਂਪੰਡਤ ਚਾਰਵਾਕ, ਹਰਿਜਨ, ਪਾਰਸ ਦੀ ਛੁਹ

(4) ਲੂਣਾ, ਮੁਕਤੀ, ਵਾਰਿਸ

60. ਕੀਰ ਏਲਮ (Keir Elam) ਦੇ ਸਿਧਾਂਤ ਅਨੁਸਾਰ ਨਾਟਕ ਦੇ ਮੁੱਖ ਅੰਗ ਹਨ :

(a) ਨਾਟਕੀ ਪਾਠ

(b) ਰੰਗਮੰਚੀ ਪਾਠ

(c) ਮੰਚ ਸੱਜਾ

(d) ਅਭਿਨੈ

ਉਪਰੋਕਤ ਦਾ ਸਹੀ ਜੁੱਟ ਹੈ :

(1) (a) ਅਤੇ (d) (2) (a) ਅਤੇ (b)

(3) (b) ਅਤੇ (c) (4) (b) ਅਤੇ (d)

61. ‘ਐਬਸਰਡਵਾਦ ਅਤੇ ਪੰਜਾਬੀ ਰੰਗ ਮੰਚ’ ਪੁਸਤਕ ਦਾ ਰਚੈਤਾ ਹੈ :

(1) ਸੁਰਜੀਤ ਸਿੰਘ ਸੇਠੀ
(2) ਕਮਲੇਸ਼ ਉੱਪਲ
(3) ਆਤਮਜੀਤ
(4) ਪਰਕਾਸ਼ ਸਿਆਲ

62. ਪੰਜਾਬੀ ਦੇ ਪ੍ਰਸਿੱਧ ਪਰ ਰੰਗਮੰਚ ਦੀ ਰਸਮੀ ਸਿੱਖਿਆ ਨਾ ਪ੍ਰਾਪਤ ਕਰਨ ਵਾਲੇ ਰੰਗ ਕਰਮੀਆਂ ਦਾ ਸਹੀ ਵਰਗ ਹੈ :

(1) ਨੀਨਾ ਟਿਵਾਣਾ, ਕੇਵਲ ਧਾਲੀਵਾਲ, ਸੁਰਜੀਤ ਸਿੰਘ ਸੇਠੀ
(2) ਹਰਵਿੰਦਰ ਕੌਰ, ਅਮਰੀਕ ਗਿੱਲ, ਅਜਮੇਰ ਔਲਖ
(3) ਹਰਪਾਲ ਟਿਵਾਣਾ, ਓਮਪੁਰੀ, ਨੀਲਮ ਮਾਨ ਸਿੰਘ
(4) ਹਰਚਰਨ ਸਿੰਘ, ਕਪੂਰ ਸਿੰਘ ਘੁੰਮਣ, ਆਤਮਜੀਤ

63. ਪੰਜਾਬ ਸੰਕਟ ਨਾਲ ਸੰਬੰਧਿਤ ਰੂਪਾਂਤਰਿਤ ਨਾਟਕਾਂ ਦਾ ਸਹੀ ਜੁੱਟ ਹੈ :

(1) ਭੱਜੀਆਂ ਬਾਹਾਂ, ਘਰ ਘਰ ਇਹੋ ਅੱਗ
(2) ਹੱਕ, ਬਾਬਾ ਬੋਲਦਾ ਹੈ
(3) ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਤੂਤਾਂ ਵਾਲਾ ਖੂਹ
(4) ਮੈਂ ਉਗਰਵਾਦੀ ਨਹੀਂ ਹਾਂ, ਟੈਰੋਰਿਸਟ ਦੀ ਪ੍ਰੇਮਿਕਾ

64. ਕਥਨ **(A)** : ਪੰਜਾਬੀ ਨਾਟਕੀ ਸਮੀਖਿਆ ਨਾਟਕ ਦਾ ਵਿਸ਼ਲੇਸ਼ਣ ਕਰਨ ਸਮੇਂ ਨਾਂ ਤਾਂ ਉਸਦੇ ਅਰਥਾਂ ਦੀ ਗਹਿਰਾਈ ਨੂੰ ਤਹਿ ਤੱਕ ਸਮਝਣ ਦੀ ਕੋਸ਼ਿਸ਼ ਕਰਦੀ ਹੈ ਅਤੇ ਨਾ ਹੀ ਉਸਦੀਆਂ ਰੰਗਮੰਚੀ ਸੰਭਾਵਨਾਵਾਂ ਦੇ ਵਡੇਰੇ ਪਾਸਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ।

ਕਾਰਨ **(R)** : ਭਾਵੇਂ, ਪੰਜਾਬੀ ਨਾਟਕ ਆਲੋਚਨਾ ਨਾਟਕੀ ਪਾਠ ਨੂੰ ਸਾਹਿਤ ਸਮੀਖਿਆ ਦੇ ਪੈਟਰਨਾਂ ਅਨੁਸਾਰ ਹੀ ਵੇਖਦੀ ਹੈ ਪਰ ਇਹ ਉਸਦੀ ਅਰਥਗਤ ਸਮੱਰਥਾ ਨੂੰ ਪਹਿਚਾਣਦੀ ਹੋਈ, ਉਸ ਵਿੱਚੋਂ ਨਵੀਆਂ ਅਰਥਗਤ ਸੰਭਾਵਨਾਵਾਂ ਦੀ ਤਲਾਸ਼ ਕਰ ਲੈਂਦੀਂ ਹੈ।

(1) **(A)** ਅਤੇ **(R)** ਦੋਵੇਂ ਸਹੀ ਹਨ
(2) **(A)** ਸਹੀ ਹੈ ਅਤੇ **(R)** ਗ਼ਲਤ ਹੈ
(3) **(A)** ਗ਼ਲਤ ਹੈ ਅਤੇ **(R)** ਆਂਸ਼ਿਕ ਗ਼ਲਤ ਹੈ
(4) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ

65. ਕਾਵਿ ਨਾਟਕ ਵਿੱਚ ਕਿਹੜੀਆਂ ਸ਼ੈਲੀਆਂ ਦਾ ਮਿਸ਼ਰਣ ਕੀਤਾ ਜਾਂਦਾ ਹੈ :

(1) ਨਾਟਕ, ਕਵਿਤਾ, ਰੰਗਮੰਚ, ਅਭਿਨੈ

(2) ਨਾਟਕ, ਬਿਰਤਾਂਤ, ਚਿਤਰ ਕਲਾ, ਸੰਗੀਤ

(3) ਕਵਿਤਾ, ਨਾਟਕ, ਨ੍ਰਿਤ, ਸੰਗੀਤ

(4) ਕਾਵਿ, ਬਿੰਬ, ਨਾਟਕੀ ਟੱਕਰ, ਸੰਗੀਤਕਤਾ, ਸੰਵਾਦ

66. ਪੁਸਤਕ ਅਤੇ ਲੇਖਕ ਦਾ ਸਹੀ ਜੁੱਟ ਹੈ :

(1) ਤਰਲੋਕ ਸਿੰਘ ਕੰਵਰ -ਸਭਿਆਚਾਰ ਵਿਗਿਆਨ

(2) ਸੁਤਿੰਦਰ ਸਿੰਘ ਨੂਰ-ਪਿਆਰ ਤੇ ਪਰਿਵਾਰ

(3) ਆਤਮਜੀਤ ਸਿੰਘ-ਪਾਠ ਤੇ ਪ੍ਰਸੰਗ

(4) ਹਰਿਭਜਨ ਸਿੰਘ-ਸਾਹਿਤਕੀ

67. ਪੰਜਾਬੀ ਭਾਸ਼ਾ ਵਿਗਿਆਨੀਆਂ ਦਾ ਸਹੀ ਵਰਗ ਹੈ :

(1) ਸ.ਸ. ਜੋਸ਼ੀ, ਸੀਤਾਰਾਮ ਬਾਹਰੀ, ਅਤਰ ਸਿੰਘ

(2) ਕਪਿਲ ਕਪੂਰ, ਹਰਜੀਤ ਸਿੰਘ ਗਿੱਲ, ਕਿਸ਼ਨ ਸਿੰਘ

(3) ਪ੍ਰੇਮ ਸਿੰਘ, ਸ.ਸ. ਜੋਸ਼ੀ, ਹਰਕੀਰਤ ਸਿੰਘ

(4) ਪ੍ਰੇਮ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ, ਪਿਆਰਾ ਸਿੰਘ

68. ਪੰਜਾਬੀ ਖੋਜ ਲਈ ਨਵੇਂ ਸੰਭਾਵਨਾ-ਖੇਤਰਾਂ ਦਾ ਸਹੀ ਵਰਗ ਹੈ :

(1) ਪਾਠਗਤ, ਬਿਰਤਾਂਤ-ਸ਼ਾਸ਼ਤਰੀ, ਪ੍ਰਤੀਕਵਾਦੀ,

(2) ਸਭਿਆਚਾਰਕ ਸਾਰਥਕਤਾ, ਅੰਤਰ-ਅਨੁਸ਼ਾਸ਼ਨੀ, ਤੰਤਵੀ-ਗਿਆਨਮੂਲਕ (Neuro-cognitive)

(3) ਤੁਲਨਾਤਮਕ, ਅੰਤਰ-ਅਨੁਸ਼ਾਸ਼ਨੀ, ਸਮਾਜ-ਸ਼ਾਸ਼ਤਰੀ

(4) ਈਕੋ-ਆਲੋਚਨਾ, ਬਹੁ-ਸਭਿਆਚਾਰਵਾਦ, ਉੱਤਰ-ਬਸਤੀਵਾਦੀ

69. ਹਰਿਭਜਨ ਸਿੰਘ ਅਨੁਸਾਰ ਵਿਹਾਰਕ ਸਾਹਿਤ-ਸਮਾਲੋਚਨਾ ਦੇ ਪ੍ਰਮੁੱਖ ਗੁਣ ਹਨ :

(a) ਕਾਵਿ ਕਿਰਤ ਦੀ ਸਵੈ-ਭਰਪੂਰਤਾ

(b) ਕਾਵਿ ਕਿਰਤ ਦੀ ਏਕਤਾ

(c) ਪ੍ਰਮਾਣਿਕ ਮੁਲਾਂਕਣ

ਉਪਰੋਕਤ ਵਿੱਚੋਂ ਸਹੀ ਜੁੱਟ ਹੈ :

(1) (a) ਅਤੇ (b) (2) (b) ਅਤੇ (c) (3) (a) ਅਤੇ (c) (4) (a), (b) ਅਤੇ (c)

70. ਕਥਨ **(A)** : ਪੰਜਾਬੀ ਦੀ ਉਪਾਧੀ ਨਿਰਪੇਖ ਖੋਜ ਜਿਥੇ ਅਕਾਦਮਿਕ ਮਸਲਿਆਂ ਤੇ ਸੰਦਰਭਾਂ ਦੇ ਸਨਮੁੱਖ ਹੁੰਦੀ ਹੈ, ਉਥੇ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਆਧਾਰਮੂਲਕ ਰੂਪਾਂ ਦੀ ਨਿਸ਼ਾਨਦੇਹੀ ਕਰਨ ਵਲ ਵੀ ਉਚੇਚਾ ਧਿਆਨ ਦਿੰਦੀ ਹੈ। ਇਸੇ ਕਰਕੇ ਇਹ ਸੰਬੰਧਿਤ ਵਿਸ਼ੇ ਦਾ ਮਾਈਕਰੋ ਪੱਧਰ ਦਾ ਵਿਸ਼ਲੇਸ਼ਣ ਕਰਨ ਦੀ ਥਾਂ ਮੈਕਰੋ ਪੱਧਰ ਦਾ ਖੋਜ ਸੰਦਰਭ ਉਸਾਰਨ ਦੀ ਕੋਸ਼ਿਸ਼ ਕਰਦੀ ਹੈ।

ਕਾਰਨ **(R)** : ਕਿਉਂਕਿ ਉਪਾਧੀ ਨਿਰਪੇਖ ਖੋਜ ਹਮੇਸ਼ਾ ਸੀਮਤ ਹਵਾਲਾ ਗ੍ਰੰਥ ਕੇਂਦਰਤ ਨਾ ਹੋ ਕੇ ਦੀਰਘ ਅਧਿਐਨ ਅਤੇ ਖੇਤਰੀ ਕਾਰਜ ਉਤੇ ਆਧਾਰਿਤ ਹੁੰਦੀ ਹੈ।

(1) **(A)** ਅਤੇ **(R)** ਦੋਵੇਂ ਗ਼ਲਤ ਹਨ।

(2) **(A)** ਸਹੀ ਹੈ ਅਤੇ **(R)** ਗ਼ਲਤ ਹੈ।

(3) **(A)** ਆਂਸ਼ਿਕ ਸਹੀ ਹੈ ਅਤੇ **(R)** ਗ਼ਲਤ ਹੈ।

(4) **(A)** ਸਹੀ ਹੈ ਅਤੇ **(R)** ਆਂਸ਼ਿਕ ਸਹੀ ਹੈ।

71.

| | ਸੂਚੀ-I | | ਸੂਚੀ-II |
|---|---|---|---|
| (a) | ਮੋਹਣ ਸਿੰਘ ਦੀਵਾਨਾ | (i) | ਪੰਜਾਬੀ ਰਾਮ ਕਾਵਿ |
| (b) | ਪ੍ਰੇਮ ਪ੍ਰਕਾਸ਼ ਸਿੰਘ | (ii) | ਗੁਰਮੁੱਖੀ ਲਿਪੀ ਵਿੱਚ ਲਿਖਿਆ ਹਿੰਦੀ ਕਾਵਿ |
| (c) | ਰਵਿੰਦਰ ਸਿੰਘ ਰਵੀ | (iii) | ਨਿਰਗੁਣ ਸਾਹਿਤ |
| (d) | ਹਰਿਭਜਨ ਸਿੰਘ | (iv) | ਸਾਹਿਤ ਦੀ ਇਤਿਹਾਸਕਾਰੀ |

ਉਪਰੋਕਤ ਦਾ ਸਹੀ ਜੁੱਟ ਹੈ :

| | (a) | (b) | (c) | (d) |
|---|---|---|---|---|
| (1) | (iii) | (ii) | (i) | (iv) |
| (2) | (ii) | (i) | (iv) | (iii) |
| (3) | (i) | (iv) | (iii) | (ii) |
| (4) | (iv) | (iii) | (i) | (ii) |

**72.** ਪੰਜਾਬੀ ਦੀਆਂ ਉਪਾਧੀ ਨਿਰਪੇਖ ਖੋਜ ਪੁਸਤਕਾਂ ਦਾ ਸਹੀ ਜੁੱਟ ਹੈ :

(a) ਪ੍ਰਚੀਨ ਬੀੜਾਂ

(b) ਪੰਜਾਬੀ ਸੂਫ਼ੀ ਕਵੀ

(c) ਪਾਰਸ ਭਾਗ

(d) ਸਾਹਿਤਿਆਰਥ

ਉਪਰੋਕਤ ਦਾ ਸਹੀ ਜੁੱਟ ਹੈ :

| | |
|---|---|
| (1) (a), (c), ਅਤੇ (d) | (2) (b), (c) ਅਤੇ (a) |
| (3) (a), (b) ਅਤੇ (d) | (4) (b), (c) ਅਤੇ (d) |

ਸਾਹਿਤ ਵਿਗਿਆਨ ਦੀ ਰਚਨਾ ਭਾਸ਼ਾ-ਵਿਗਿਆਨ ਦੇ ਮਾਡਲਾਂ ਉੱਪਰ ਆਧਾਰਿਤ ਹੋ ਸਕਦੀ ਹੈ। ਜਿਵੇਂ ਭਾਸ਼ਾ-ਵਿਗਿਆਨੀ ਅਨੇਕ ਵਾਕਾਂ ਦੀ ਵਿਆਖਿਆ ਨਾ ਕਰਕੇ ਵਾਕ-ਵਰਨਣ ਦਾ ਮਾਡਲ ਤਿਆਰ ਕਰਦਾ ਹੈ, ਇਵੇਂ ਸਾਹਿਤ-ਵਿਗਿਆਨੀ ਸਾਹਿਤ-ਵਰਨਣ ਦਾ ਮਾਡਲ ਤਿਆਰ ਕਰ ਸਕਦਾ ਹੈ। ਜਿਵੇਂ ਗਿਣਤੀ ਦੇ ਭਾਸ਼ਾ-ਨੇਮਾਂ ਦੇ ਆਧਾਰ ਤੇ ਅਣਗਿਣਤ ਸਾਹਿਤ-ਕਿਰਤਾਂ ਦੀ ਉਪਜ ਪਛਾਣੀ ਜਾ ਸਕਦੀ ਹੈ।ਇਸ ਸੰਬੰਧ ਵਿੱਚ ਧਿਆਨਯੋਗ ਗੱਲ ਇਹ ਹੈ ਕਿ ਸਾਹਿਤ-ਕਿਰਤ ਵੀ ਇਕ ਲੰਮਾ ਵਾਕ ਹੀ ਹੈ ਜੋ ਪ੍ਰਤੀਕ-ਭਾਸ਼ਾ ਦੇ ਨੇਮਾਂ ਰਾਹੀਂ ਉਪਜਾਇਆ ਜਾਂਦਾ ਹੈ। ਸਾਹਿਤ-ਵਿਗਿਆਨ ਦੀ ਪ੍ਰਕਿਰਤੀ ਸਾਹਿਤ-ਸਮੀਖਿਆ, ਸਾਹਿਤ ਮੁੱਲਾਂਕਣ ਜਾਂ ਸਾਹਿਤ- ਇਤਿਹਾਸ ਤੋਂ ਬਿਲਕੁਲ ਵੱਖਰੀ ਹੈ। ਸਾਹਿਤ-ਵਿਗਿਆਨ ਦੀ ਕਾਰਜ ਵਿਧੀ ਉੱਪਰ ਟਿੱਪਣੀ ਕਰਦਾ ਹੋਇਆ ਰੋਲਾਂ ਬਾਰਤ ਲਿਖਦਾ ਹੈ: ਸਾਹਿਤ-ਵਿਗਿਆਨ ਦਾ ਕੰਮ ਇਹ ਵੇਖਣਾ ਨਹੀ ਕਿ ਕਿਹੜੀ ਸਾਹਿਤ-ਸਾਰਥਕਤਾ ਕਿਉਂ ਮੰਨੀ ਜਾਣੀ ਚਾਹੀਦੀ ਹੈ ਜਾਂ ਕਿਉਂ ਮੰਨੀ ਜਾ ਚੁਕੀ ਹੈ। ਉਸਦਾ ਕੰਮ ਇਹ ਵੇਖਣਾ ਹੈ ਕਿ ਕੋਈ ਸਾਹਿਤ ਸਾਰਥਕਤਾ, ਪ੍ਰਤੀਕ ਦੇ ਭਾਸ਼ਕ ਨੇਮਾਂ ਅਨੁਸਾਰ, ਕਿਉਂ ਮੰਨਣਯੋਗ ਹੈ। ਜਿਵੇਂ ਭਾਸ਼ਾ-ਵਿਗਿਆਨੀ ਭਾਸ਼ਾ ਦੀ ਵਿਆਕਰਣ ਵਲ ਰੁਚਿਤ ਹੁੰਦਾ ਹੈ, ਉਸ ਦੀ ਸਾਰਥਕਤਾ ਵਲ ਨਹੀ ਇਵੇਂ ਸਾਹਿਤ-ਵਿਗਿਆਨੀ ਪ੍ਰਵਚਨ ਦੇ ਵਿਆਕਰਣ ਵਲ ਰੁਚਿਤ ਹੈ, ਉਸਦੀ ਸਾਰਥਕਤਾ ਵਲ ਨਹੀਂ।

**ਉਪਰੋਕਤ ਪੈਰਾ ਪੜ੍ਹ ਕੇ ਪ੍ਰਸ਼ਨ ਨੰ : 73 ਤੋਂ 75 ਤਕ ਦੇ ਉੱਤਰ ਦਿਓ :**

**73.** ਭਾਸ਼ਾ ਵਿਗਿਆਨ ਦੇ ਮਾਡਲ ਉਪਰ ਆਧਾਰਿਤ ਸਾਹਿਤ-ਵਿਗਿਆਨ ਦਾ ਪ੍ਰਕਾਰਜ ਕੀ ਹੈ ?

(1) ਸਾਹਿਤ-ਪਾਠ ਦੀ ਭਾਸ਼ਾ ਦੇ ਵਾਕ-ਵਰਨਣ ਦਾ ਮਾਡਲ ਤਿਆਰ ਕਰਨਾ।

(2) ਵਾਕ-ਵਰਣਨ ਦੇ ਮਾਡਲ ਵਾਂਗ-ਸਾਹਿਤ ਵਰਣਨ ਦਾ ਮਾਡਲ ਤਿਆਰ ਕਰਨਾ।

(3) ਸਾਹਿਤਿਕ ਭਾਸ਼ਾ ਦੇ ਭਾਸ਼ਾ-ਵਿਗਿਆਨਕ ਆਧਾਰਾਂ ਦੀ ਨਿਸ਼ਾਨਦੇਹੀ ਕਰਨਾ।

(4) ਸਾਹਿਤ-ਵਿਗਿਆਨ ਅਤੇ ਭਾਸ਼ਾ-ਵਿਗਿਆਨ ਵਿਚ ਗਤੀਸ਼ੀਲ ਰਿਸ਼ਤੇ ਦੀ ਤਲਾਸ਼।

**74.** ਸਾਹਿਤਕ ਕਿਰਤ ਦੀ ਪ੍ਰਕਿਰਤੀ ਕਿਸ ਤਰ੍ਹਾਂ ਦੀ ਹੈ ?

(1) ਲੇਖਕ ਦੇ ਅਨੁਭਵ ਦਾ ਭਾਸ਼ਾਗਤ ਪ੍ਰਗਟਾਵਾ

(2) ਅਜਿਹਾ ਭਾਸ਼ਾਈ ਪ੍ਰਬੰਧ ਜੋ ਸਾਹਿਤਕ ਅਰਥਾਂ ਦਾ ਸੰਚਾਰ ਕਰਦਾ ਹੈ

(3) ਅਜਿਹਾ ਲੰਮਾ ਵਾਕ ਜੋ ਪ੍ਰਤੀਕ ਭਾਸ਼ਾ ਦੇ ਨੇਮਾਂ ਰਾਹੀ ਰਚਿਆਂ ਜਾਂਦਾ ਹੈ

(4) ਸਾਧਾਰਨ ਭਾਸ਼ਾ ਦੇ ਸੁਹਜਾਤਮਕ ਪ੍ਰਯੋਗ ਰਾਹੀ ਰਚੀ ਹੋਈ ਸਾਹਿਤ-ਕਿਰਤ

**75.** ਸਾਹਿਤ-ਵਿਗਿਆਨੀ ਸਾਹਿਤ-ਪ੍ਰਵਚਨ ਦੇ ਕਿਸ ਪੱਖ ਵੱਲ ਰੁਚਿਤ ਹੁੰਦਾ ਹੈ ?

(1) ਸਾਹਿਤ-ਪ੍ਰਵਚਨ ਦੀ ਭਾਸ਼ਾਈ ਵਿਉਂਤ ਵੱਲ

(2) ਸਾਹਿਤ-ਪ੍ਰਵਚਨ ਦੀ ਸਾਰਥਕਤਾ ਵੱਲ

(3) ਸਾਹਿਤ-ਪ੍ਰਵਚਨ ਦੇ ਅਰਥ-ਪ੍ਰਬੰਧ ਵੱਲ

(4) ਸਾਹਿਤ-ਪ੍ਰਵਚਨ ਦੀ ਸਾਰਥਕਤਾ ਨਾਲੋਂ ਵਿਆਕਰਨ ਵੱਲ

**- o O o -**

**Space For Rough Work**